**<u>ਸਖਤ ਪਾਲਣਾ ਹਿੱਤ</u>**

ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ
ਐਟ ਪੰ.ਸ.ਸਿੱ.ਬੋਰਡ ਕੰਪਲੈਕਸ, ਫੇਜ਼-VIII, ਐਸ.ਏ.ਐਸ. ਨਗਰ।
(ਕੋਆਰਡੀਨੇਸ਼ਨ ਸ਼ਾਖਾ)

---

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।
2. ਸਮੂਹ ਸਕੂਲ ਮੁਖੀ/DDO, ਪੰਜਾਬ।
3. ਸਮੂਹ MIS Coordinator

ਮੀਮੋ ਨੰ. 322388/DPISE/Coordination/2026121001
ਮਿਤੀ: 04.05.2026

ਵਿਸ਼ਾ:- ਈ-ਪੰਜਾਬ ਪੋਰਟਲ ਤੇ ਸੈਂਕਸ਼ਨ ਪੋਸਟਾਂ ਅਪਡੇਟ ਅਤੇ ਤਸਦੀਕ ਕਰਨ ਸਬੰਧੀ।

1.0 ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਈ-ਪੰਜਾਬ ਪੋਰਟਲ ਤੇ ਸੈਂਕਸ਼ਨ ਪੋਸਟਾਂ ਦਾ ਡਾਟਾ ਅਪਡੇਟ ਕਰਨ ਲਈ ਈ-ਪੰਜਾਬ ਪੋਰਟਲ ਤੁਰੰਤ ਪ੍ਰਭਾਵ ਤੋਂ live ਕਰ ਦਿੱਤਾ ਗਿਆ ਹੈ।

2.0 ਆਪ ਨੂੰ ਹਦਾਇਤ ਕੀਤੀ ਜਾਂਦਾ ਹੈ ਕਿ ਈ-ਪੰਜਾਬ ਪੋਰਟਲ ਤੇ ਮੌਜੂਦ ਡਾਟੇ ਦਾ ਆਪਣੇ ਦਫਤਰੀ ਰਿਕਾਰਡ ਨਾਲ ਮਿਲਾਨ ਕਰ ਲਿਆ ਜਾਵੇ। ਜੇਕਰ ਇਸ ਵਿੱਚ ਕੋਈ ਅੰਤਰ ਪਾਇਆ ਜਾਂਦਾ ਹੈ, ਤਾਂ ਉਸਨੂੰ ਤਾਜਾ ਸਥਿਤੀ ਅਨੁਸਾਰ ਤੁਰੰਤ ਅਪਡੇਟ ਕਰਨਾ ਯਕੀਨੀ ਬਣਾਇਆ ਜਾਵੇ।

3.0 ਇਸ ਸਬੰਧੀ ਡੀ.ਡੀ.ਓ. ਨਿੱਜੀ ਪੱਧਰ ਤੇ ਡਾਟਾ ਚੈਕ ਕਰਨ ਉਪਰੰਤ ਹੀ ਇਸ ਨੂੰ ਤਸਦੀਕ ਕਰੇਗਾ। ਸਾਰੀਆਂ ਪੋਸਟਾਂ ਦਾ ਡਾਟਾ ਇੱਕ ਵਾਰ ਵਿੱਚ ਅਪਡੇਟ ਕਰਕੇ ਅਪਰੂਵ ਕੀਤਾ ਜਾਵੇ, ਅਪਰੂਵ ਹੋ ਜਾਣ ਤੋਂ ਬਾਅਦ ਭਰੇ ਹੋਏ ਡਾਟੇ ਨੂੰ ਡਿਸਅਪਰੂਵ ਨਹੀਂ ਕੀਤਾ ਜਾਵੇਗਾ। ਇਸ ਕਾਰਵਾਈ ਨੂੰ ਮਿਤੀ 07.05.2026 ਤੱਕ ਹਰ ਪੱਖੋ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ।

4.0 ਡਾਟਾ ਧਿਆਨ ਪੂਰਵਕ ਭਰਿਆ ਜਾਵੇ। ਕਿਸੇ ਵੀ ਤਰ੍ਹਾਂ ਦੀ ਗਲਤ ਜਾਣਕਾਰੀ ਜਾਂ ਦੇਰੀ ਲਈ ਸਬੰਧਤ ਡੀ.ਡੀ.ਓ. ਸਿੱਧੇ ਤੌਰ 'ਤੇ ਜ਼ਿੰਮੇਵਾਰ ਹੋਣਗੇ ਅਤੇ ਡਾਟਾ ਗਲਤ ਭਰਨ ਜਾਂ ਨਾ ਭਰਨ ਦੀ ਸੂਰਤ ਵਿੱਚ ਵਿਭਾਗੀ ਕੰਮਾਂ ਵਿੱਚ ਆਉਣ ਵਾਲੀਆਂ ਦਿੱਕਤਾ ਜਾਂ ਰੁਕਾਵਟਾਂ ਲਈ ਸਬੰਧਤ ਡੀ.ਡੀ.ਓ. ਜਿੰਮੇਵਾਰ ਹੋਣਗੇ।

5.0 ਇਸ ਕਾਰਜ ਲਈ MIS Coordinator ਵੱਲੋਂ ਡੀ.ਡੀ.ਓ. ਨੂੰ ਪੂਰਨ ਸਹਿਯੋਗ ਦਿੱਤਾ ਜਾਵੇ।

04/05/26

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)